**ਦਫਤਰ ਭੌਂ ਪ੍ਰਾਪਤੀ ਕੁਲੈਕਟਰ, ਸਹਿਰੀ ਵਿਕਾਸ ਵਿਭਾਗ ਪੰਜਾਬ,**

(ਪੂਡਾ ਭਵਨ, ਸੈਕਟਰ 62,ਐਸ.ਏ.ਐਸ. ਨਗਰ)

ਸੇਵਾ ਵਿਖੇ

ਡਿਪਟੀ ਕਮਿਸ਼ਨਰ,
ਐਸ.ਏ.ਐਸ.ਨਗਰ, ਮੋਹਾਲੀ।

ਨੰ. ਗਮਾਡਾ-ਐਲ.ਏ.ਸੀ.2025/
ਮਿਤੀ:

**ਵਿਸ਼ਾ:-** **ਐਸ.ਏ.ਐਸ. ਨਗਰ ਵਿਖੇ ਐਰੋਟਰੋਪੋਲਿਸ ਪ੍ਰੋਜੈਕਟ ਦੀ ਪਾਕੇਟ ਐਚ ਦੀ ਸਥਾਪਨਾ ਲਈ ਭੋਂ ਪ੍ਰਾਪਤ ਕਰਨ ਬਾਰੇ-ਧਾਰਾ 8 ਅਧੀਨ ਕਾਰਵਾਈ ।**

ਕਿਉਂਜੋ ਵਿਸ਼ੇ ਸਬੰਧੀ ਸਕੀਮ ਲਈ ਪ੍ਰਾਪਤ ਕੀਤੀ ਜਾ ਰਹੀ ਭੋਂ ਦੀ ਸੋਸ਼ਲ ਇੰਪੈਕਟ ਅਸੈਸਮੈਂਟ ਰਿਪੋਰਟ ਦੇ ਮੁਲਾਂਕਣ ਬਾਬਤ ਪੰਜਾਬ ਸਰਕਾਰ ਵੱਲੋਂ The Right to Fair Compensation and Transparency in Land Acquisition, Rehabilitation and Resettlement Act, 2013 ਅਧੀਨ ਗਠਿਤ ਕੀਤੇ ਐਕਸਪਰਟ ਗਰੁੱਪ ਨੇ ਘੋਖ ਕਰਨ ਉਪਰੰਤ ਇਸ ਸਕੀਮ ਲਈ ਨਿਮਨ ਪਿੰਡਾਂ ਦੀ ਤਜਵੀਜ ਕੀਤੀ ਭੋਂ ਪ੍ਰਾਪਤ ਕਰਨ ਦੀ ਸਿਫਾਰਸ਼ ਕੀਤੀ ਹੈ:-

**ਪਿੰਡਾਂ ਦੇ ਨਾਮ : ਬਾਕਰਪੁਰ, ਝੜੀ, ਕਿਸਨਪੁਰਾ, ਛੱਤ, ਕੁਰੜੀ।**

05-12-25

ਸਾਰਾ ਮਾਮਲਾ ਸਰਕਾਰ ਦੇ ਪੱਧਰ ਤੇ ਵਿਚਾਰ ਕਰਦੇ ਹੋਏ ਯਕੀਨ ਕਰ ਲਿਆ ਹੈ *ਕਿ ਸਕੀਮ ਲਈ ਤਜਵੀਜ ਕੀਤੀ ਭੋਂ ਪ੍ਰਾਪਤ ਕਰਨ ਕਰਕੇ ਲੋਕਾਂ ਦਾਂ ਘੱਟ ਤੋਂ ਘੱਟ ਉਜਾੜਾ ਹੋਵੇਗਾ, ਬੁਨਿਆਦੀ ਢਾਂਚੇ, ਵਾਤਾਵਰਣ ਵਿੱਚ ਘੱਟੋਂ ਘੱਟ ਗੜਬੜ ਅਤੇ ਪ੍ਰਭਾਵਿਤ ਵਿਅਕਤੀਆਂ ਵਿੱਚ ਘੱਟੋਂ ਘੱਟ ਪ੍ਰਤੀਕੂਲ ਪ੍ਰਭਾਵ ਪਵੇਗਾ।* ਲਿਹਾਜਾ ਸਮਰਥ ਅਥਾਰਟੀ ਵੱਲੋਂ ਇਸ ਸਕੀਮ ਲਈ ਤਜਵੀਜ ਕੀਤੀ ਭੋਂ ਪ੍ਰਾਪਤ ਕਰਨ ਦਾ ਫੈਸਲਾ ਲਿਆ ਹੈ।

**ਭੋਂ ਪ੍ਰਾਪਤੀ ਕੁਲੈਕਟਰ**

ਪਿੱਠ ਅੰਕਣ ਨੰ. ਗਮਾਡਾ-ਐਲ.ਏ.ਸੀ.2025/ 8598 ਮਿਤੀ: 04/12/25

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਘੱਲਿਆ ਜਾਂਦਾ ਹੈ:-

1. ਸਬ -ਡਵੀਜਨਲ ਮੈਜਿਸਟਰੇਟ, ਮੋਹਾਲੀ/ਡੇਰਾ ਬੱਸੀ।
2. ਤਹੀਸੀਲਦਾਰ, ਮੋਹਾਲੀ ਅਤੇ ਜੀਰਕਪੁਰ।
3. ਸਰਪੰਚ, ਪਿੰਡ **ਬਾਕਰਪੁਰ, ਝੜੀ, ਕੁਰੜੀ, ਛੱਤ ਅਤੇ ਕਿਸਨਪੁਰਾ** । ਇਸ ਪੱਤਰ ਬਾਬਤ ਪਿੰਡ ਵਿੱਚ ਮੁਨਾਦੀ ਕਰਵਾਈ ਜਾਵੇ ਅਤੇ ਇਸ ਪੱਤਰ ਦੀ ਨਕਲ ਪਿੰਡ ਦੀਆਂ ਮਸਹੂਰ ਥਾਵਾਂ ਜਿਵੇਂ ਕਿ ਮੰਦਿਰ, ਗੁਰਦੁਆਰਾ ਸਾਹਿਬ, ਮਸਜਿਦ, ਜੰਜ-ਘਰ, ਕਮਿਊਨਿਟੀ ਸੈਂਟਰ ਆਦਿ ਦੇ ਨੋਟਿਸ ਬੋਰਡ ਤੇ ਚਸਪਾ ਕਰਵਾਈ ਜਾਵੇ।
4. ਜੀ.ਐਮ. (ਆਈ.ਟੀ), ਗਮਾਡਾ। ਇਹ ਪੱਤਰ ਗਮਾਡਾ ਦੀ ਵੈਬ-ਸਾਈਟ ਤੇ ਅਪ-ਲੋਡ ਕੀਤਾ ਜਾਵੇ।

**ਭੋਂ ਪ੍ਰਾਪਤੀ ਕੁਲੈਕਟਰ**

5/12/25 5/12/25 5/12/25

Scanned with OKEN Scanner